平等機會委員會
EQUAL OPPORTUNITIES COMMISSION




# ਸਮਾਨ ਅਵਸਰ ਆਯੋਗ

ਹਾਂਗਕਾਂਗ ਦਾ ਸਮਾਨ ਅਵਸਰ ਆਯੋਗ ਦਾ ਕਾਨੂੰਨ ਕਿਸੇ ਵੀ ਵਿਅਕਤੀ ਖਿਲਾਫ ਉਸ ਦੇ ਲਿੰਗ, ਸ਼ਾਦੀ, ਗਰਭ, ਅਪਾਹਿਜਤਾ, ਪਰਿਵਾਰਕ ਹੈਸੀਅਤ ਜਾਂ ਨਸਲ ਦੇ ਅਧਾਰ ਤੇ ਵਿਤਕਰਾ ਕਰਨ ਤੇ ਪਾਬੰਦੀ ਲਗਾਉਂਦਾ ਹੈ ।

## ਸਮਾਨ ਅਵਸਰ ਆਯੋਗ (EOC) ਕੀ ਹੈ ?

ਸਮਾਨ ਅਵਸਰ ਆਯੋਗ (EOC) ਸੰਨ 1996 ਵਿੱਚ ਸਥਾਪਿਤ ਕੀਤੀ ਗਈ ਇਕ ਸੰਵਿਧਾਨਕ ਸੰਸਥਾ ਹੈ, ਜੋ ਲਿੰਗ ਪੱਖਪਾਤ ਕਾਨੂੰਨ (SDO), ਅਪਾਹਿਜਤਾ ਪੱਖਪਾਤ ਕਾਨੂੰਨ (DDO) ਪਰਿਵਾਰਿਕ ਹੈਸੀਅਤ

## ਸਮਾਨ ਅਵਸਰ ਕਾਨੂੰਨ

ਕਿਸੇ ਵੀ ਵਿਅਕਤੀ ਖਿਲਾਫ ਹੇਠ ਲਿਖੀਆਂ ਕਾਰਵਾਈਆਂ ਵਿੱਚ ਉਸ ਦੇ ਲਿੰਗ, ਸ਼ਾਦੀ, ਗਰਭ, ਅਪਾਹਿਜਤਾ, ਪਰਿਵਾਰਕ ਹੈਸੀਅਤ ਜਾਂ ਨਸਲ ਦੇ ਅਧਾਰ ਤੇ ਵਿਤਕਰਾ ਕਰਨਾ SDO ਦੇ ਤਹਤ ਗੈਰ-ਕਾਨੂੰਨੀ ਹੈ :

- ਨੌਕਰੀ
- ਸਿੱਖਿਆ
- ਚੀਜ਼ਾਂ, ਸੇਵਾਵਾਂ ਜਾਂ ਸਹੂਲਤਾਂ ਮੁੱਹਈਆ ਕਰਾਉਣ ਵਿੱਚ
- ਜਗ੍ਹਾ ਦੇ ਨਿਪਟਾਰਾ ਜਾਂ ਪ੍ਰਬੰਧ ਵਿੱਚ

(Punjabi)

- ਸਲਾਹਕਾਰ ਸੰਸਥਾਂਵਾ ਵਿੱਚ ਵੋਟ ਪਾਉਣ ਦੀ ਯੋਗਤਾ ਅਤੇ ਚੁਣੇ ਜਾਣ ਜਾ ਨਿਯੁਕਤ ਕੀਤੇ ਜਾਣ ਵਿੱਚ
- ਕੱਲਬਾਂ ਵਿੱਚ ਭਾਗ ਲੈਣ ਲਈ
- ਸਰਕਾਰ ਦੀਆਂ ਕਾਰਵਾਈਆਂ ਵਿੱਚ

SDO ਕਿਸੇ ਵਿਅਕਤੀ ਨੂੰ ਨੌਕਰੀ, ਵਿੱਦਿਆ, ਚੀਜ਼ਾਂ, ਸੇਵਾਵਾਂ ਜਾਂ ਸਹੂਲਤਾਂ ਮੁੱਹਈਆ ਕਰਾਉਣ ਵਿੱਚ ਅਤੇ ਜਗ੍ਹਾ ਦੇ ਨਿਪਟਾਰੇ ਜਾਂ ਪ੍ਰਬੰਧ ਦੇ ਖੇਤਰ ਵਿੱਚ ਯੌਨ ਉਤਪੀੜਣ ਦੇ ਖੇਤਰ ਵਿੱਚ ਵੀ ਸੁੱਰਖਿਆ ਮੁੱਹਈਆ ਕਰਦਾ ਹੈ ।

ਇਸੇ ਤਰ੍ਹਾਂ, DDO ਦੇ ਤਹਤ, ਕਿਸੇ ਵਿਅਕਤੀ ਦੇ ਨਾਲ ਉਸ ਦੀ ਅਪਾਹਿਜਤਾ ਦੇ ਅਧਾਰ ਤੇ ਜਨਤਕ ਸਥਾਨ ਤੇ ਵਿਤਕਰਾ ਕਰਨਾ ਜਾਂ ਉਸ ਨੂੰ ਪ੍ਰੇਸ਼ਾਨ ਕਰਨਾ ਹੇਠ ਲਿਖੇ ਖੇਤਰਾਂ ਵਿੱਚ ਅਪਮਾਨਿਤ ਕਰਨਾ ਗੈਰ-ਕਾਨੂੰਨੀ ਹੈ ।

- ਨੌਕਰੀ
- ਸਿੱਖਿਆ
- ਚੀਜ਼ਾਂ, ਸੇਵਾਵਾਂ ਜਾਂ ਸਹੂਲਤਾਂ ਮੁੱਹਈਆ ਕਰਾਉਣਾ
- ਕਿਸੇ ਜਗ੍ਹਾ ਤੇ ਪ੍ਰਵੇਸ਼ ਕਰਨ ਲਈ
- ਸਲਾਹਕਾਰ ਸੰਸਥਾਂਵਾ ਵਿੱਚ ਵੋਟ ਪਾਉਣ ਦੀ ਯੋਗਤਾ ਅਤੇ ਚੁਣੇ ਜਾਣ ਜਾ ਨਿਯੁਕਤ ਕੀਤੇ ਜਾਣ ਵਿੱਚ
- ਕੱਲਬਾਂ ਵਿੱਚ ਭਾਗ ਲੈਣ ਲਈ
- ਸਰਕਾਰ ਦੀਆਂ ਕਾਰਵਾਈਆਂ ਵਿੱਚ

FSDO ਦੇ ਤਹਤ, ਕਿਸੇ ਵੀ ਵਿਅਕਤੀ ਨਾਲ ਉਸ ਦੀ ਪਰਿਵਾਰਕ ਹੈਸੀਅਤ ਦੇ ਅਧਾਰ ਤੇ ਪੱਖਪਾਤ ਕਰਨਾ ਗੈਰ-ਕਾਨੂੰਨੀ ਹੈ । ਪਰਿਵਾਰਕ ਹੈਸੀਅਤ ਦਾ ਮਤਲਬ ਹੈ, ਆਪਣੇ ਸਭ ਤੋਂ ਨਜ਼ਦੀਕੀ ਪਰਿਵਾਰਕ ਮੈਂਬਰਾਂ ਦਾ ਸਾਂਭ ਸੰਭਾਲ ਕਰਨ ਦੀ ਜ਼ਿੰਮੇਵਾਰੀ ਨੂੰ ਪੂਰਾ ਕਰਨ ਦੀ ਹੈਸੀਅਤ । ਸਭ ਤੋਂ ਨਜ਼ਦੀਕੀ ਪਰਿਵਾਰਕ ਮੈਂਬਰਾਂ ਦਾ ਮਤਲਬ ਹੈ ਜਿਸ ਦਾ ਉਸ ਵਿਅਕਤੀ ਨਾਲ ਖੂਨ ਦਾ, ਸ਼ਾਦੀ ਦਾ, ਗੋਦ ਲੈਣ ਦਾ ਜਾਂ ਲਗਾਉ ਕਰਕੇ ਕੋਈ ਰਿਸ਼ਤਾ ਹੋਵੇ । ਉਹ ਖੇਤਰ ਜਿੰਨਾਂ ਵਿੱਚ ਕੋਈ ਵਿਅਕਤੀ ਫਸ਼ਧਦੇ ਅਧੀਨ ਸ਼ਿਕਾਇਤ ਦਰਜ ਕਰਵਾ ਸਕਦਾ ਹੈ, ਉਹ SDO ਦੇ ਅਧੀਨ ਖੇਤਰਾਂ ਦੇ ਸਮਾਨ ਹੀ ਹਨ੍ਹ ।

ਨਸਲ ਵਿਤਕਰਾ ਕਾਨੂੰਨ (RDO) ਲੋਕਾਂ ਨੂੰ ਨਸਲ ਦੇ ਅਧਾਰ ਤੇ ਪੱਖਪਾਤ, ਪ੍ਰੇਸ਼ਾਨੀ ਅਤੇ ਅਪਮਾਨ ਤੋਂ ਸੁੱਰਖਿਆ ਪ੍ਰਦਾਨ ਕਰਦਾ ਹੈ । ਕਿਸੇ ਵਿਅਕਤੀ ਦੀ ਨਸਲ ਦਾ ਮਤਲਬ ਹੈ, ਉਸ ਵਿਅਕਤੀ ਦੀ ਨਸਲ, ਰੰਗ, ਵੰਸ਼, ਕੋਮੀਅਤ ਜਾਂ ਮੂਲ ਜਾਤੀ । RDO ਦੇ ਤਹਤ ਕਿਸੇ ਵੀ ਵਿਅਕਤੀ ਨਾਲ ਉਸ ਦੀ ਨਸਲ ਦੇ ਅਧਾਰ ਤੇ ਪੱਖਪਾਤ ਕਰਨਾ, ਉਸ ਨੂੰ ਪ੍ਰੇਸ਼ਾਨ ਕਰਨਾ ਜਾਂ ਉਸ ਦਾ ਅਪਮਾਨ ਕਰਨਾ ਗੈਰ-ਕਾਨੂੰਨੀ ਹੈ । RDO ਹੇਠ ਲਿਖੇ ਖੇਤਰਾਂ ਵਿੱਚ ਸੁੱਰਖਿਆ ਪ੍ਰਦਾਨ ਕਰਦਾ ਹੈ ।

- ਨੌਕਰੀ
- ਸਿੱਖਿਆ
- ਚੀਜ਼ਾਂ, ਸੇਵਾਵਾਂ ਜਾਂ ਸਹੂਲਤਾਂ ਮੁੱਹਈਆ ਕਰਾਉਣਾ
- ਕਿਸੇ ਜਗ੍ਹਾ ਤੇ ਪ੍ਰਵੇਸ਼ ਕਰਨ ਲਈ
- ਸਲਾਹਕਾਰ ਸੰਸਥਾਂਵਾ ਵਿੱਚ ਵੋਟ ਪਾਉਣ ਦੀ ਯੋਗਤਾ ਅਤੇ ਚੁਣੇ ਜਾਣ ਜਾ ਨਿਯੁਕਤ ਕੀਤੇ ਜਾਣ ਵਿੱਚ
- ਕੱਲਬਾਂ ਵਿੱਚ ਭਾਗ ਲੈਣ ਲਈ

## EOC ਤੁਹਾਡੇ ਲਈ ਕੀ ਕਰ ਸਕਦਾ ਹੈ ?

ਜੇਕਰ ਤੁਹਾਡੇ ਨਾਲ ਉਪਰੋਕਤ ਖੇਤਰਾਂ ਦੀਆਂ ਕਾਰਵਾਈਆਂ ਵਿੱਚ ਲਿੰਗ, ਸ਼ਾਦੀ, ਗਰਭ, ਅਪਾਹਿਜਤਾ, ਪਰਿਵਾਰਕ ਹੈਸੀਅਤ ਜਾਂ ਨਸਲ ਦੇ ਅਧਾਰ ਤੇ ਗੈਰ ਕਾਨੂੰਨੀ ਪੱਖਪਾਤ ਹੋ ਰਿਹਾ ਹੈ ਤਾਂ ਤੁਸੀਂ ਉੱਛ ਵਿੱਚ ਸ਼ਿਕਾਇਤ ਦਰਜ ਕਰਵਾ ਸਕਦੇ ਹੋ । EOC ਸ਼ਿਕਾਇਤ ਦੀ ਛਾਣ ਬੀਣ ਕਰ ਸਕਦਾ ਹੈ ਅਤੇ ਤੁਹਾਡੇ ਮਾਮਲੇ ਵਿੱਚ ਸੁਲਾਹ ਸਫਾਈ ਦੁਆਰਾ ਨਿਪਟਾਰਾ ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ । ਜੇਕਰ ਸਮਝੌਤਾ ਨਹੀਂ ਹੋ ਸਕਦਾ ਤਾਂ ਤੁਸੀਂ ਹੋਰ ਕਿਸਮ ਦੀ ਮੱਦਦ ਲਈ ਅਰਜ਼ੀ ਦੇ ਸਕਦੇ ਹੋ, ਜਿਸ ਵਿੱਚ ਕਾਨੂੰਨੀ ਮੱਦਦ ਵੀ ਸ਼ਾਮਿਲ ਹੈ । ਤੁਸੀਂ ਇਹਨਾਂ ਚਾਰੇ ਕਾਨੂੰਨਾਂ ਦੇ ਤਹਤ ਜਿਲਾ ਅਦਾਲਤ ਵਿੱਚ ਕਾਨੂੰਨੀ ਕਾਰਵ-ਾਈ ਵੀ ਕਰ ਸਕਦੇ ਹੋ ।

ਆਯੋਗ ਅਤੇ ਚਾਰ ਕਾਨੂੰਨਾਂ ਸਬੰਧੀ, ਵਧੇਰੇ ਜਾਣਕਾਰੀ ਲਈ ਤੁਸੀਂ ਇੰਟਰਨੈਟ ਤੇ http:://www.eoc.org.hk EOC ਦਾ ਹੋਮ ਪੇਜ ਦੇਖ ਸਕਦੇ ਹੋ ਜਾਂ ਉੱਛ ਦੇ ਦਫਤਰ ਨਾਲ ਸੰਪਰਕ ਕਰ ਸਕਦੇ ਹੋ



Equal Opportunities Commission

16/F., 41 Heung Yip Road,Wong Chuk Hang, Hong Kong

ਟੈਲੀਫੋਨ : 2511-8211

ਦਫਤਰੀ ਕੰਮ ਦਾ ਸਮਾਂ :

ਸੋਮਵਾਰ ਤੋਂ ਸ਼ੁਕਰਵਾਰ ਸਵੇਰੇ 8:45 ਤੋਂ. - ਸ਼ਾਮ 5:45 ਤੱਕ

3/2012